ਇਹ ਹਮਾਰਾ ਜੀਵਣਾ

# ਭਾਰਤੀ ਜੇਲ੍ਹਾਂ ਦਾ ਹਾਲ

14-12-1996

14.12.96

ਗੁਰਸ਼ਰਨ ਸਿੰਘ

ਕੁਮਾਰੀ ਜੈਲਲਿਤਾ ਦੇ ਜ਼ੇਲ੍ਹ ਜਾਣਾ : ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਦਾ ਜੇਲ੍ਹ ਜਾਣ ਨੇ ਦੋ ਮੁੱਖ ਮੁੱਦੇ ਭਾਰਤ ਦੇ ਲੋਕਾਂ ਦੇ ਸਾਹਮਣੇ ਲਿਆਂਦੇ ਹਨ। ਪਹਿਲਾ ਮੁੱਦਾ ਕਿ ਕੁਰਸੀ 'ਤੇ ਬੈਠ ਕੇ ਕੋਈ ਅੰਨ੍ਹੀ ਧਾਂਦਲੀ ਕਿਸ ਤਰ੍ਹਾਂ ਪਾ ਸਕਦਾ ਹੈ ਤੇ ਦੂਜਾ ਮੁੱਦਾ ਕਿ ਭਾਰਤੀ ਜ਼ੇਲ੍ਹਾਂ ਵਿਚ ਔਰਤਾਂ ਲਈ ਕਿਹੋ ਜਿਹਾ ਦੁਰਪ੍ਰਬੰਧ ਹੈ। ਇਹ ਦੁਰਪ੍ਰਬੰਧ ਉਸ ਵੇਲੇ ਹੀ ਚਰਚਾ ਦਾ ਕੇਂਦਰ ਬਣਦਾ ਹੈ, ਜਦੋਂ ਕੋਈ ਵੱਡਾ ਬੰਦਾ ਜ਼ੇਲ੍ਹ ਵਿਚ ਜਾਂਦਾ ਹੈ।

ਇਹ ਚਰਚਾ ਹੋਈ ਕਿ ਜੈਲਲਿਤਾ ਨੂੰ ਸਿਆਸੀ ਕਿੜ ਕੱਢਣ ਲਈ ਜ਼ੇਲ੍ਹ ਭੇਜਿਆ ਗਿਆ ਹੈ। ਕਿੜ ਹੋਣੀ ਹੀ ਚਾਹੀਦੀ ਹੈ ਕਿਉਂਕਿ ਜੈਲਲਿਤਾ ਨੇ ਤਾਮਿਲਨਾਡੂ ਵਿਚ ਜੋ ਰਾਜ ਚਲਾਇਆ, ਉਹ ਇਕ ਪੁਰਖੀ ਅੰਨ੍ਹਾ ਰਾਜ ਸੀ। ਉਸ ਨੇ ਧਾਰਮਿਕ ਦੇਵੀਆਂ ਵਾਕੁਨ ਆਪਣੇ ਅੱਗੇ ਮੱਥੇ ਟਿਕਵਾਏ, ਆਪਣੀ ਪੂਜਾ ਕਰਵਾਈ। ਆਪਣੇ ਗੋਦ ਲਏ ਪੁੱਤਰ ਦੇ ਵਿਆਹ 'ਤੇ 100 ਕਰੋੜ ਰੁਪਿਆ ਖ਼ਰਚਿਆ। ਇਹ ਖ਼ਬਰਾਂ ਜਦੋਂ ਪੜ੍ਹਨ ਨੂੰ ਆਉਂਦੀਆਂ ਸਨ ਤਾਂ ਹੈਰਾਨੀ ਹੁੰਦੀ ਸੀ ਕਿ ਕੀ ਇਸ ਕਥਿਤ ਜਮਹੂਰੀਅਤ ਦੇ ਦੇਸ਼ ਵਿਚ ਕੋਈ ਮੁੱਖ ਮੰਤਰੀ ਏਨਾ ਹੈਂਕੜਖ਼ੋਰ ਹੋ ਸਕਦਾ ਹੈ ਜਾਂ ਹੋ ਸਕਦੀ ਹੈ? ਉਂਝ ਰੁਚੀ ਲਾਲੂ ਪ੍ਰਸਾਦ ਵਿਚ ਵੀ ਇਹੋ ਜਿਹੀ ਹੈ। ਜੈਲਲਿਤਾ ਨੇ ਸਰਕਾਰੀ ਖ਼ਜ਼ਾਨੇ ਦੀ ਜਿਸ ਤਰ੍ਹਾਂ ਲੁੱਟ ਕੀਤੀ ਹੈ, ਇਹ ਇਕ ਉੱਚਿਤ ਕਾਰਵਾਈ ਹੋਈ ਹੈ ਕਿ ਉਸ ਨੂੰ ਕਾਨੂੰਨ ਦੀ ਲਪੇਟ ਵਿਚ ਲਿਆਂਦਾ ਗਿਆ ਹੈ। ਇਹ ਦੂਜੇ ਸਿਆਸੀ ਆਗੂਆਂ ਲਈ ਸਬਕ ਵੀ ਹੋਣਾ ਚਾਹੀਦਾ ਹੈ, ਪਰ ਸਭ ਤੋਂ ਵੱਧ ਉਨ੍ਹਾਂ ਲੋਕਾਂ ਲਈ ਵੀ ਹੋਣਾ ਚਾਹੀਦਾ ਹੈ, ਜਿਹੜੇ ਰਾਤੋ-ਰਾਤ ਚੰਗੇ ਭਲੇ ਬੰਦਿਆਂ ਤੋਂ ਚਮਚਿਆਂ ਦਾ ਰੂਪ ਧਾਰ ਲੈਂਦੇ ਹਨ।

ਜਦੋਂ ਇਹ ਵੱਡੀ ਔਰਤ ਜ਼ੇਲ੍ਹ ਵਿਚ ਗਈ ਤਾਂ ਇਕ ਦਿਨ ਵਿਚ ਹੀ ਭਾਰਤੀ ਜ਼ੇਲ੍ਹਾਂ ਵਿਚ ਔਰਤਾਂ ਨਾਲ ਜੋ ਦੁਰਵਿਵਹਾਰ ਹੁੰਦਾ ਹੈ, ਉਹ ਸਾਹਮਣੇ ਆਇਆ ਹੈ। ਅੱਜ ਤੋਂ 20-25 ਸਾਲ ਪਹਿਲਾਂ ਮੇਰੀ ਟਾਇਲਰ ਦੀ ਇਕ ਕਿਤਾਬ ਪਬਲਿਸ਼ ਹੋਈ ਸੀ। ਉਹਦਾ ਨਾਂ ਸੀ 'ਭਾਰਤੀ ਜ਼ੇਲ੍ਹ ਵਿਚ ਪੰਜ ਸਾਲ'। ਇਹ ਅੰਗਰੇਜ਼ ਔਰਤ ਦੀ ਦਸਤਾਵੇਜ਼ੀ ਕਿਤਾਬ ਸੀ, ਉਹ ਬੰਗਾਲ ਦੇ ਇਕ ਨਕਸਲੀ ਕਾਰਕੁੰਨ ਨਾਲ ਵਿਆਹੀ ਹੋਈ ਸੀ, ਉਸ ਨੂੰ ਭਾਰਤੀ ਜ਼ੇਲ੍ਹਾਂ ਵਿਚ ਪੰਜ ਸਾਲ ਇਕ ਸਿਆਸੀ ਕੈਦਣ ਦੇ ਰੂਪ ਵਿਚ ਕੱਟਣੇ ਪਏ ਸਨ। ਇਹ ਕਿਤਾਬ ਪੰਜਾਬੀ ਵਿਚ ਪਲਸ ਮੰਚ ਵੱਲੋਂ ਪ੍ਰਕਾਸ਼ਤ ਕੀਤੀ ਗਈ ਸੀ। ਡਾ. ਚਮਨ ਲਾਲ ਨੇ ਇਹਦਾ ਪੰਜਾਬੀ ਅਨੁਵਾਦ ਕੀਤਾ ਸੀ। ਭਾਰਤੀ ਜ਼ੇਲ੍ਹਾਂ ਵਿਚ ਸਭ ਕੁੱਝ ਜੋ ਗ਼ੈਰ-ਇਨਸਾਨੀ ਵਾਪਰਦਾ ਹੈ, ਉਸ ਦਾ ਬਹੁਤ ਵਿਸਥਾਰ ਨਾਲ ਜ਼ਿਕਰ ਇਸ ਕਿਤਾਬ ਵਿਚ ਸੀ। ਜ਼ੇਲ੍ਹ ਦੀਆਂ ਹਾਲਤਾਂ ਬਦਲਣ ਲਈ ਜੋ ਕੁੱਝ ਕਰਨਾ ਲੋੜੀਂਦਾ ਹੈ, ਉਹ ਕਿਤਾਬ ਉਹਦੇ ਲਈ ਬੜੀ ਲਾਭਦਾਇਕ ਹੋ ਸਕਦੀ ਸੀ, ਪਰ ਸਵਾਲ ਫੇਰ ਉੱਠਦਾ ਹੈ ਕਿ ਭਾਰਤ ਵਿਚ ਜੋ ਕੁੱਝ ਗ਼ਲਤ ਵਾਪਰਦਾ ਹੈ, ਉਹ ਸਮੇਂ ਦੀ ਸਰਕਾਰ ਦਾ ਫ਼ਿਕਰ ਕਿਉਂ ਨਹੀਂ ਬਣਦਾ? ਮੰਤਰੀਆਂ ਬਾਰੇ ਬੜੀਆਂ ਖ਼ਬਰਾਂ ਆਉਂਦੀਆਂ ਹਨ ਕਿ ਉਨ੍ਹਾਂ ਨੇ ਜ਼ੇਲ੍ਹਾਂ ਦਾ ਦੌਰਾ ਕੀਤਾ। ਜਦੋਂ ਉਨ੍ਹਾਂ ਦਾ ਦੌਰਾ ਹੁੰਦਾ ਹੈ, ਜ਼ੇਲ੍ਹ ਦੀ ਖ਼ੂਬ ਸਫ਼ਾਈ ਉਨ੍ਹਾਂ ਨੂੰ ਵਿਖਾ ਦਿੱਤੀ ਜਾਂਦੀ ਹੈ। ਕੈਦੀਆਂ ਨੇ ਸਾਫ਼-ਸੁਥਰੇ ਕੱਪੜੇ ਪਾਏ ਹੁੰਦੇ ਹਨ। ਉਨ੍ਹਾਂ ਵੱਲੋਂ ਕਲਚਰਲ ਪ੍ਰੋਗਰਾਮ ਵੀ ਮੰਤਰੀਆਂ ਨੂੰ ਵਿਖਾਏ ਜਾਂਦੇ ਹਨ। 'ਸਭ ਅੱਛਾ ਹੈ' ਦਾ ਪ੍ਰਭਾਵ ਮੰਤਰੀ ਲੈ ਕੇ ਆ ਜਾਂਦੇ ਹਨ। ਕੁੱਝ ਕੈਦੀਆਂ ਦੀ ਸਜ਼ਾ ਵੀ ਮੁਆਫ਼ ਕਰ ਆਉਂਦੇ ਹਨ, ਪਰ ਜ਼ੇਲ੍ਹਾਂ ਦਾ ਦੁਰਪ੍ਰਬੰਧ ਉਂਝ ਦਾ ਉਂਝ ਰਹਿੰਦਾ ਹੈ। ਗੰਦੇ ਤੋਂ ਗੰਦੇ ਪਿਸ਼ਾਬਖ਼ਾਨੇ, ਟੱਟੀਆਂ, ਗੰਦੀ ਤੋਂ ਗੰਦੀ ਰੋਟੀ, ਸਭ ਕੁੱਝ ਗੰਦਾ ਤੇ ਘਟੀਆ। ਕੈਦੀਆਂ ਨੂੰ ਸੁਧਾਰਨ ਦਾ ਦਾਅਵਾ ਕੀਤਾ ਜਾਂਦਾ ਹੈ। ਜ਼ੇਲ੍ਹਾਂ ਦਾ ਨਾਂ ਵੀ ਸੁਧਾਰ ਘਰਾਂ ਵਿਚ ਬਦਲ ਦਿੱਤਾ ਗਿਆ ਹੈ, ਪਰ ਪ੍ਰਬੰਧਕ ਆਪਣਾ ਕਦੀ ਵੀ ਸੁਧਾਰ ਨਹੀਂ ਕਰਦੇ।

ਇਕ ਖ਼ਬਰ ਅਨੁਸਾਰ ਜੈਲਲਿਤਾ ਦੇ ਸਮਰਥਕਾਂ ਵੱਲੋਂ ਜੈਲਲਿਤਾ ਨੂੰ ਇੰਦਰਾ ਗਾਂਧੀ ਦੀ ਤੁਲਨਾ ਦਿੱਤੀ ਗਈ ਹੈ। 1977 ਵਿਚ ਇੰਦਰਾ ਗਾਂਧੀ ਜਦੋਂ ਗੱਦੀਓਂ ਲੱਥੀ ਸੀ ਤਾਂ ਉਹਦੇ ਸਿਆਸੀ ਵਿਰੋਧੀਆਂ ਨੇ ਕਿੜ ਕੱਢਣ ਲਈ ਉਹਦੇ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾ ਕੇ ਉਹਨੂੰ ਜ਼ੇਲ੍ਹ ਵਿਚ ਭੇਜਣ ਦਾ ਯਤਨ ਕੀਤਾ ਸੀ, ਪਰ ਇੰਦਰਾ ਗਾਂਧੀ ਫੇਰ ਤਾਕਤ ਵਿਚ ਆ ਗਈ ਸੀ। ਜੈਲਲਿਤਾ ਦੇ ਸਮਰਥਕ ਉਮੀਦ ਕਰਦੇ ਹਨ ਕਿ ਉਹ ਫੇਰ ਤਾਕਤ ਵਿਚ ਆਏਗੀ। ਉਹ ਆਏ ਜਾਂ ਨਾ ਆਏ, ਪਰ ਉਹਦੀ ਇਹ ਜ਼ੇਲ੍ਹ ਯਾਤਰਾ ਉਹਨੂੰ ਤੇ ਹੋਰਨਾਂ ਨੂੰ ਇਹ ਸਬਕ ਜ਼ਰੂਰ ਦੇਵੇਗੀ ਕਿ ਭਾਰਤੀ ਜ਼ੇਲ੍ਹਾਂ ਵਿਚ ਕੈਦੀਆਂ ਤੇ ਖ਼ਾਸ ਕਰਕੇ ਔਰਤ ਕੈਦਣਾਂ ਨੂੰ ਮਨੁੱਖੀ ਪੱਧਰ ਦੀਆਂ ਸਹੂਲਤਾਂ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ।

: ਹਰਕੰਵਲ ਸਿੰਘ ਨੇ ਦੇਸ਼ ਸੇਵਕ ਪ੍ਰਿੰਟਰਜ਼ ਲਿਮਟਿਡ, ਬਾਬਾ ਸ